# ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com


ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: 962 ਮਿਤੀ: 24/3/23

**ਵਿਸ਼ਾ:- ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 24/03/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 19 ਅਤੇ 20 ਮਿਤੀ 24/03/2023 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਸੁਪਰਡੰਟ,
ਨਗਰ ਨਿਗਮ, ਫਗਵਾੜਾ।

**ਪਿੱਠ ਅੰਕਣ ਨੰ:** 963-966 **ਮਿਤੀ:** 24/3/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਮਿਤੀ:24.03.2023 ਨੂੰ ਡਾ. ਨਯਨ, ਪੀ.ਸੀ.ਐਸ ਕਮਿਸ਼ਨਰ ਨਗਰ ਨਿਗਮ ਫਗਵਾੜਾ ਵੱਲੋਂ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 19, 24.03.2023 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ ਨਗਰ ਨਿਗਮ, ਫਗਵਾੜਾ ਕਿ ਹਰ ਸਾਲ ਦੀ ਤਰਾਂ ਬਜਟ ਤਖਮੀਨੇ ਤਿਆਰ ਕਰਨ ਲਈ ਵੱਖ ਵੱਖ ਸ਼ਾਖਾਵਾਂ ਦੀ ਮਹੀਨਾ ਦਸੰਬਰ ਤੱਕ ਪ੍ਰਾਪਤ ਆਮਦਨ ਨੂੰ ਮੁੱਖ ਰਖਦੇ ਹੋਏ ਸਾਲ 2023-24 ਲਈ ਵੱਖ-ਵੱਖ ਮੱਦਾਂ ਤਹਿਤ ਅਨੁਮਾਨਤ ਅਤੇ ਚਾਲੂ ਵਿੱਤੀ ਸਾਲ ਲਈ ਸੋਧੇ ਹੋਏ ਬਜਟ ਤਖਮੀਨੇ ਤਿਆਰ ਕੀਤੇ ਗਏ ਹਨ।<br><br>1. ਆਮਦਨ :-<br><br>ਸਾਲ 2022-23 ਲਈ ਨਗਰ ਨਿਗਮ ਵਲੋਂ ਰੁ:4300 ਲੱਖ ਦੇ ਆਮਦਨ/ਪ੍ਰਾਪਤੀਆਂ ਦੇ ਬਜਟ ਤਖਮੀਨੇ ਪਾਸ ਕੀਤੇ ਗਏ ਸਨ। ਜਿਸ ਵਿਚੋ ਮੁੱਖ ਤੌਰ ਤੇ ਰੂ:425.00 ਲੱਖ ਪ੍ਰਾਪਰਟੀ ਟੈਕਸ, ਰੂ:3100.00 ਲੱਖ ਵੈਟ/ਜੀ.ਐਸ.ਟੀ. ਦੇ ਹਿਸੇ ਵਜੋ, ਰੂ:120.00 ਲੱਖ ਐਕਸਾਈਜ ਡਿਊਟੀ ਵਜੋ, ਰੂ:30.00 ਲੱਖ ਐਡਵਰਟਾਈਜਮੈਂਟ ਟੈਕਸ, ਰੂ:390.00 ਲੱਖ ਬਿਲਡਿੰਗ ਐਪਲੀਕੇਸ਼ਨ ਫੀਸ ਵਜੋਂ , ਰੂ:40 ਲੱਖ ਰੈਟ ਵੱਜੋ ਅਤੇ ਰੁ:5 ਲੱਖ ਹਾਊਸ ਟੈਕਸ ਦੇ ਬਕਾਏ ਵਜੋ ਉਗਰਾਹੇ ਜਾਣ ਦਾ ਉਪਬੰਧ ਕੀਤਾ ਗਿਆ ਸੀ। ਸਰਕਾਰ ਵਲੋ ਕੁੱਲ ਰੂ:4300 ਲੱਖ ਦੇ ਟੀਚੇ ਵਿਰੁੱਧ ਚਾਲੂ ਸਾਲ 2022-23 ਦੋਰਾਨ ਮਹੀਨਾ ਦਸੰਬਰ ਤੱਕ ਰੂ:2484.07 ਲੱਖ ਪਾਪੱਤ ਹੋ ਚੁੱਕਾ ਹੈ ਅਤੇ ਰੂ:1265.93 ਲੱਖ ਮਿਤੀ 31/03/2023 ਤੱਕ ਹੋਰ ਪ੍ਰਾਪਤ ਹੋਣ ਦਾ ਅਨੁਮਾਨ ਹੈ।<br><br>ਸਾਲ 2023-24 ਵਿਚ ਵੱਖ-ਵੱਖ ਮੱਦਾਂ ਤੋ ਪ੍ਰਾਪਤ ਆਮਦਨ/ਪ੍ਰਾਪਤੀਆਂ ਨੂੰ ਮੱਦੇ ਨਜਰ ਰੱਖਦੇ ਹੋਏ 2023-24 ਲਈ ਆਮਦਨ/ਪ੍ਰਾਪਤੀਆਂ ਲਈ ਰੂ:4100 ਲੱਖ ਦੇ ਬਜਟ ਤਖਮੀਨੇ ਤਿਆਰ ਕੀਤੇ ਗਏ ਹਨ। ਇਸ ਵਿਚੋ ਮੁੱਖ ਤੌਰ ਤੇ ਰੂ:460.00 ਲੱਖ ਬਤੌਰ ਪ੍ਰਾਪਰਟੀ ਟੈਕਸ, ਰੂ:2900.00 ਲੱਖ ਵੈਟ/ਜੀ.ਐਸ.ਟੀ ਦੇ ਹਿੱਸੇ ਵਜੋ, ਰੂ:400.00 ਲੱਖ ਬਿਲਡਿੰਗ ਐਪਲੀਕੇਸ਼ਨ ਫੀਸ ਅਤੇ ਕਪੋਜੀਸ਼ਨ ਫੀਸ/ਸੀ.ਐਲ.ਯੂ, ਰੂ:70.00 ਲੱਖ ਐਕਸਾਈਜ ਡਿਊਟੀ ਤੋ ਪ੍ਰਾਪਤੀ ਵਜੋ ਪ੍ਰਾਪਤ ਹੋਣ ਦਾ ਅਨੁਮਾਨ ਹੈ। | ------ | ਸੂਚਨਾ ਹਿੱਤ। |

<table>
<tr><td></td><td></td><td>2. ਖਰਚਾ :-<br><br>ਆਮਦਨ/ਪ੍ਰਾਪਤੀਆਂ ਵਿਰੁੱਧ ਅਗਲੇ ਵਿੱਤੀ ਸਾਲ 2023-24 ਲਈ ਖਰਚਿਆਂ ਦੀ ਮੱਦ ਤਹਿਤ ਰੁ:4100 ਲੱਖ ਦਾ ਬਜਟ ਤਿਆਰ ਕੀਤਾ ਗਿਆ ਹੈ।ਇਸ ਮੱਦ ਰੁ:2600.00 ਲੱਖ ਅਮਲੇ ਤੇ, ਰੁ:175.00 ਕੰਟੀਜੈਂਸੀ ਤੇ ਅਤੇ ਰੁ:1325.00 ਲੱਖ ਕਮਿਟਡ ਅਤੇ ਨਾਨ ਕਮਿਟਡ ਤੇ ਖਰਚ ਕਰਨ ਦਾ ਉਪਬੰਧ ਰੱਖਿਆ ਗਿਆ ਹੈ।<br><br>ਪੰਜਾਬ ਮਿਉਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 86(1) ਅਤੇ 87(2) ਅਧੀਨ ਨਗਰ ਨਿਗਮ ਫਗਵਾੜਾ ਦਾ ਵਿੱਤੀ ਬਜਟ ਪ੍ਰਸ਼ਾਸਕੀ ਪ੍ਰਵਾਨਗੀ ਲਈ ਪੇਸ਼ ਹੈ ਜੀ।</td><td></td><td></td></tr>
<tr><td>2</td><td>20,<br>24.03.2023</td><td>ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ ਨਗਰ ਨਿਗਮ, ਫਗਵਾੜਾ ਕਿ ਨਗਰ ਨਿਗਮ ਫਗਵਾੜਾ ਵਿਖੇ ਚੱਲ ਰਹੀਆ ਵੱਖ-ਵੱਖ ਗੱਡੀਅ/ਮਸ਼ੀਨਰੀ ਦੀ ਇੰਸ਼ੋਰੈਂਸ ਕਰਵਾਉਣ ਲਈ ਵੱਖ-ਵੱਖ ਕੰਪਨੀਆ ਵੱਲੋ ਰੇਟ ਲਏ ਗਏ ਹਨ। ਵੱਖ-ਵੱਖ ਕੰਪਨੀਆ ਵੱਲੋ ਦਿੱਤੇ ਗਏ ਰੇਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।<br><br><table><tr><th>Go Digit General Insurance Co.</th><th>SBI General Insurance Co.</th><th>The New India Assurance Co.</th><th>National Insurance Co. Ltd</th></tr><tr><td>Rs. 354120</td><td>Rs. 361880</td><td>Rs. 360950</td><td>Rs. 361880</td></tr></table><br>ਉਪਰੋਕਤ ਅਨੁਸਾਰ ਸਾਰੀਆ ਇੰਸ਼ੋਰੈਂਸ ਕੰਪਨੀਆ ਵਿੱਚੋ Go Digit General Insurance Co. ਦਾ ਰੇਟ ਸਭਤੋਂ ਘੱਟ ਹੈ। ਉਕਤ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਫਗਵਾੜਾ ਵਿਖੇ ਚੱਲ ਰਹੀਆ ਗੱਡੀਆ/ਮਸ਼ੀਨਰੀ ਦੀ ਇੰਸ਼ੋਰੈਂਸ ਕਰਵਾਉਣ ਲਈ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।</td><td>------</td><td>ਸੂਚਨਾ ਹਿੱਤ।</td></tr>
</table>

ਤਸਦੀਕੀ ਕਾਪੀ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।